## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ

ਹੁਕਮ ਨੰ: 6/53-10 ਅ1(3) ਕੋ:ਸੈਲ:2
ਮਿਤੀ, ਐਸ.ਏ.ਐਸ.ਨਗਰ :- 22.05.2017

ਸ੍ਰੀਮਤੀ ਕਮਲੇਸ਼ ਕੁਮਾਰੀ, ਹਿੰਦੀ ਮਿਸਟ੍ਰੈਸ, ਸਮਿਸ ਬੀੜ ਬੱਧਨੀ, ਜ਼ਿਲ੍ਹਾ ਮੋਗਾ ਜੋ ਮਿਤੀ 12-07-99 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ, ਨੂੰ ਇਸ ਵਿਭਾਗ ਦੇ ਹੁਕਮ ਨੰ: 6/140-09 ਅ2(3) ਮਿਤੀ 10-07-09/22-09-09 ਰਾਹੀਂ ਪੰਜਾਬ ਸਿਵਲ ਸੇਵਾਵਾਂ(ਦੰਡ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5(v-ix) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ।

ਸ੍ਰੀਮਤੀ ਕਮਲੇਸ਼ ਕੁਮਾਰੀ, ਹਿੰਦੀ ਮਿਸਟ੍ਰੈਸ, ਸਮਿਸ ਬੀੜ ਬੱਧਨੀ, ਜ਼ਿਲ੍ਹਾ ਮੋਗਾ ਵੱਲੋਂ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਸਰਕਾਰ ਦੇ ਹੁਕਮ ਨੰ: 6/153-10 ਅ2(3) ਕੋ:ਸ:2 ਮਿਤੀ 26-09-16/06-10-16 ਰਾਹੀਂ ਸ੍ਰੀ ਅਮਰਜੀਤ ਸਿੰਘ, ਜ਼ਿਲ੍ਹਾ ਸਿਖਿਆ ਅਫਸਰ (ਸੈਸਿ) ਮੋਗਾ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਆਪਣੀ ਪੜਤਾਲ ਰਿਪੋਰਟ ਵਿੱਚ ਇਹ ਲਿਖਿਆ ਗਿਆ ਹੈ ਕਿ ਕਰਮਚਾਰਨ ਮਿਤੀ 12-07-2009 ਤੋਂ ਹੁਣ ਤੱਕ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ ਪਰੰਤੂ ਸਕੂਲ ਦੇ ਰਿਕਾਰਡ ਅਨੁਸਾਰ ਕਰਮਚਾਰਨ ਮਿਤੀ 12-07-1999 ਤੋਂ ਗੈਰ ਹਾਜਰ ਹੈ।

ਕੁਦਰਤੀ ਨਿਆਂ ਨੂੰ ਮੁੱਖ ਰੱਖਦਿਆਂ ਹੋਇਆ ਸ੍ਰੀਮਤੀ ਕਮਲੇਸ਼ ਕੁਮਾਰੀ, ਹਿੰਦੀ ਮਿਸਟ੍ਰੈਸ, ਸਮਿਸ ਬੀੜ ਬੱਧਨੀ, ਜ਼ਿਲ੍ਹਾ ਮੋਗਾ ਨੂੰ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਕਾਰਨ ਮਿਤੀ 26.04.17 ਨੂੰ " ਜਗਬਾਣੀ" ਵਿੱਚ ਪਬਲਿਕ ਨੋਟਿਸ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 2 ਤੇ ਕਰਮਚਾਰਨ ਦਾ ਨਾਮ ਦਰਸਾਇਆ ਗਿਆ। ਇਸ ਪਬਲਿਕ ਨੋਟਿਸ ਰਾਹੀਂ ਇਸ ਕਰਮਚਾਰਨ ਨੂੰ ਮੌਕਾ ਦਿੱਤਾ ਗਿਆ ਕਿ ਜੇਕਰ ਉਹ ਆਪਣੀ ਅਣਅਧਿਕਾਰਤ ਗੈਰਹਾਜ਼ਰੀ ਦੇ ਸੰਬੰਧ ਵਿੱਚ, ਆਪਣੇ ਪੱਖ ਵਿੱਚ ਕੁੱਝ ਕਹਿਣਾ ਚਾਹੁੰਦੀ ਹੈ ਤਾਂ ਨੋਟਿਸ ਛੱਪਣ ਦੇ 21 ਦਿਨਾਂ ਦੇ ਅੰਦਰ-ਅੰਦਰ ਨਿਮਨ-ਹਸਤਾਖਰ ਦੇ ਸਾਹਮਣੇ ਕਿਸੇ ਕੰਮ ਵਾਲੇ ਦਿਨ ਪੇਸ਼ ਹੋ ਕੇ ਆਪਣਾ ਪੱਖ ਪੇਸ਼ ਕਰਨ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁੱਝ ਨਹੀਂ ਕਹਿਣਾ ਚਾਹੁੰਦੀ ਅਤੇ ਆਪਣੇ ਉਪਰ ਲੱਗੇ ਦੋਸ਼ਾਂ ਨੂੰ ਮੰਨਦੀ ਹੈ ਅਤੇ ਉਸ ਵਿਰੁੱਧ ਆਰੰਭੀ ਅਨੁਸ਼ਾਸਨੀ ਕਾਰਵਾਈ ਨੂੰ ਮੁਕੰਮਲ ਕਰਦੇ ਹੋਏ ਉਸ ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ(ਸਜ਼ਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5(viii) ਤਹਿਤ ਖਤਮ ਕਰ ਦਿੱਤੀਆਂ ਜਾਣਗੀਆਂ। ਪਰੰਤੂ ਇਸ ਨੋਟਿਸ ਦੇ ਜਵਾਬ ਵਿੱਚ ਮਿੱਥੇ ਸਮੇਂ ਦੇ ਅੰਦਰ ਕਰਮਚਾਰਨ ਨੇ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਨਹੀਂ ਕੀਤਾ। ਇਸ ਤੋਂ ਇਹ ਸਪਸ਼ਟ ਹੈ ਕਿ ਕਰਮਚਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿੱਚ ਦਿਲਚਸਪੀ ਨਹੀਂ ਰੱਖਦੀ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਸੁਖਦੇਵ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ੍ਰੀਮਤੀ ਕਮਲੇਸ਼ ਕੁਮਾਰੀ, ਹਿੰਦੀ ਮਿਸਟ੍ਰੈਸ, ਸਮਿਸ ਬੀੜ ਬੱਧਨੀ, ਜ਼ਿਲ੍ਹਾ ਮੋਗਾ ਦੇ ਮਿਤੀ 12-07-1999 ਤੋਂ ਹੁਣ ਤੱਕ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (VIII) ਅਧੀਨ ਇਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋ ਖਤਮ ਕਰਦਾ ਹਾਂ।

ਸੁਖਦੇਵ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ 7390-93 ਮਿਤੀ, ਐਸ.ਏ.ਐਸ.ਨਗਰ :- 30/5/17

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਫਰੀਦਕੋਟ।
2. (ਰਜਿ) ਜਿਲਾ ਸਿੱਖਿਆ ਅਫਸਰ (ਸੈ:ਸਿ), ਮੋਗਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਪ੍ਰਿੰਸੀਪਲ/ਮੁੱਖਅਧਿਆਪਕ, ਸਮਿਸ ਬੀੜ ਬੱਧਨੀ, ਜ਼ਿਲ੍ਹਾ ਮੋਗਾ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ। ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪਤੇ ਤੇ ਵੀ ਰਜਿਸਟਰਡ ਡਾਕ ਰਾਹੀ ਭੇਜੇ ਜਾਣ।
4. ਸ੍ਰੀਮਤੀ ਕਮਲੇਸ਼ ਕੁਮਾਰੀ, ਹਿੰਦੀ ਮਿਸਟ੍ਰੈਸ, ਸਮਿਸ ਬੀੜ ਬੱਧਨੀ, ਜ਼ਿਲ੍ਹਾ ਮੋਗਾ।

ਸੁਪਰਡੈਂਟ ਕੋਆਰਡੀਨੇਸ਼ਨ ਸੈਲ

**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ.ਏ.ਐਸ.ਨਗਰ**

ਹੁਕਮ ਨੰ: 10/2-2013 ਅ1(3) ਕੋ:ਸੈਲ:3
ਮਿਤੀ, ਐਸ.ਏ.ਐਸ.ਨਗਰ :- 22.05.2017

ਸ਼੍ਰੀਮਤੀ ਹਰਪ੍ਰੀਤ ਕੌਰ, ਲੈਕਚਰਾਰ ਕੈਮਿਸਟਰੀ, ਸਮਾਸਸਸ 3ਬੀ1, ਜ਼ਿਲਾ ਐਸ.ਏ.ਐਸ ਨਗਰ ਜੋ ਮਿਤੀ 25-04-12 ਤੋਂ ਸਰਕਾਰੀ ਡਿਊਟੀ ਤੋਂ ਲਗਾਤਾਰ ਅਣ-ਅਧਿਕਾਰਤ ਤੌਰ ਤੇ ਗੈਰ ਹਾਜਰ ਚੱਲੀ ਆ ਰਹੀ ਹੈ, ਨੂੰ ਇਸ ਦਫਤਰ ਦੇ ਹੁਕਮ ਨੰ: 10/2-13 ਅ1(3) ਕੋ:ਸ:3 ਮਿਤੀ 15-03-16/29-03-16 ਰਾਹੀਂ ਪੰਜਾਬ ਸਿਵਲ ਸੇਵਾਵਾਂ(ਦੰਡ ਅਤੇ ਅਪੀਲ) ਨਿਯਮਾਂਵਲੀ 1970 ਦੀ ਧਾਰਾ 8 ਦੇ ਨਿਯਮ 5(v-ix) ਅਧੀਨ ਦੋਸ਼ ਸੂਚੀ ਜਾਰੀ ਕੀਤੀ ਗਈ।

ਸ਼੍ਰੀਮਤੀ ਹਰਪ੍ਰੀਤ ਕੌਰ, ਲੈਕਚਰਾਰ ਕੈਮਿਸਟਰੀ, ਸਮਾਸਸਸ 3ਬੀ1, ਜ਼ਿਲਾ ਐਸ.ਏ.ਐਸ ਨਗਰ ਵੱਲੋਂ ਦੋਸ਼ ਸੂਚੀ ਦਾ ਉਤਰ ਪ੍ਰਾਪਤ ਨਾ ਹੋਣ ਕਾਰਨ, ਉਸ ਵਿਰੁੱਧ ਦੋਸ਼ ਸੂਚੀ ਵਿਚ ਲਗਾਏ ਗਏ ਦੋਸ਼ਾਂ ਦੀ ਸਚਾਈ ਜਾਨਣ ਲਈ ਹੁਕਮ ਨੰ: 10/2-13 ਅ1(3) ਕੋ:ਸ:3 ਮਿਤੀ 13.05.2016/16.05.16 ਰਾਹੀਂ ਸ਼੍ਰੀ ਮੇਵਾ ਸਿੰਘ, ਜਿ:ਸਿ:ਅ:(ਸੈਸਿ) ਮੋਹਾਲੀ ਨੂੰ ਪੜਤਾਲੀਆ ਅਫਸਰ ਨਿਯੁਕਤ ਕੀਤਾ ਗਿਆ। ਪੜਤਾਲੀਆ ਅਫਸਰ ਵੱਲੋਂ ਆਪਣੀ ਪੜਤਾਲ ਰਿਪੋਰਟ ਵਿੱਚ ਕਰਮਚਾਰੀ ਦੇ ਮਿਤੀ 25.04.12 ਤੋਂ ਹੁਣ ਤੱਕ ਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਦਾ ਦੋਸ਼ ਸਿੱਧ ਕੀਤਾ।

ਕੁਦਰਤੀ ਨਿਆਂ ਨੂੰ ਮੁੱਖ ਰੱਖਦਿਆਂ ਹੋਇਆ ਸ਼੍ਰੀਮਤੀ ਹਰਪ੍ਰੀਤ ਕੌਰ, ਲੈਕਚਰਾਰ ਕੈਮਿਸਟਰੀ, ਸਮਾਸਸਸ 3ਬੀ1, ਜ਼ਿਲਾ ਐਸ.ਏ.ਐਸ ਨਗਰ ਨੂੰ ਆਪਣੀ ਡਿਊਟੀ ਤੋਂ ਅਣਅਧਿਕਾਰਤ ਤੌਰ ਤੇ ਗੈਰ ਹਾਜਰ ਰਹਿਣ ਕਾਰਨ ਮਿਤੀ 26.04.17 ਨੂੰ " ਜਗਬਾਣੀ" ਵਿੱਚ ਪਬਲਿਕ ਨੋਟਿਸ ਦਿੱਤਾ ਗਿਆ ਜਿਸ ਵਿੱਚ ਲੜੀ ਨੰ: 1 ਤੇ ਕਰਮਚਾਰਨ ਦਾ ਨਾਮ ਦਰਸਾਇਆ ਗਿਆ। ਇਸ ਪਬਲਿਕ ਨੋਟਿਸ ਰਾਹੀਂ ਇਸ ਕਰਮਚਾਰਨ ਨੂੰ ਮੌਕਾ ਦਿੱਤਾ ਗਿਆ ਕਿ ਉਹ ਆਪਣੇ ਪੱਖ ਵਿੱਚ ਜੇਕਰ ਕੁਝ ਕਹਿਣਾ ਚਾਹੁੰਦਾ ਹੈ ਤਾਂ 21 ਦਿਨਾਂ ਦੇ ਅੰਦਰ-ਅੰਦਰ ਆਪਣਾ ਉੱਤਰ ਦੇਵੇ। ਜੇਕਰ ਉਸ ਵੱਲੋਂ ਮਿੱਥੇ ਸਮੇਂ ਅੰਦਰ ਕੋਈ ਉੱਤਰ ਨਹੀਂ ਦਿੱਤਾ ਤਾਂ ਇਹ ਸਮਝ ਲਿਆ ਜਾਵੇਗਾ ਕਿ ਉਹ ਆਪਣੇ ਪੱਖ ਵਿੱਚ ਕੁਝ ਨਹੀਂ ਕਹਿਣਾ ਚਾਹੁੰਦੀ ਅਤੇ ਉਸ ਵਿਰੁੱਧ ਆਰੰਭੀ ਅਨੁਸ਼ਾਸਨੀ ਕਾਰਵਾਈ ਨੂੰ ਮੁਕੰਮਲ ਕਰਦੇ ਹੋਏ ਉਸ ਦੀਆਂ ਸੇਵਾਵਾਂ ਪੰਜਾਬ ਸਿਵਲ ਸੇਵਾਵਾਂ(ਸਜ਼ਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5(viii) ਤਹਿਤ ਖਤਮ ਕਰ ਦਿੱਤੀਆਂ ਜਾਣਗੀਆਂ। ਪਰੰਤੂ ਇਸ ਨੋਟਿਸ ਦੇ ਜਵਾਬ ਵਿੱਚ ਕਰਮਚਾਰੀ ਨੇ ਨਾ ਤਾਂ ਕੋਈ ਉੱਤਰ ਦਿੱਤਾ ਅਤੇ ਨਾ ਹੀ ਡਾਇਰੈਕਟਰ ਸਿੱਖਿਆ ਵਿਭਾਗ(ਸੈਸਿ) ਪੰਜਾਬ ਪਾਸ ਹਾਜਰ ਹੋ ਕੇ ਆਪਣਾ ਪੱਖ ਪੇਸ਼ ਕੀਤਾ। ਇਸ ਤੋਂ ਇਹ ਸਪਸ਼ਟ ਹੈ ਕਿ ਕਰਮਚਾਰਨ ਸਰਕਾਰੀ ਨੌਕਰੀ ਚਾਲੂ ਰੱਖਣ ਵਿੱਚ ਦਿਲਚਸਪੀ ਨਹੀਂ ਰੱਖਦੀ ਅਤੇ ਉਸਨੂੰ ਆਪਣੇ ਵਿਰੁੱਧ ਲੱਗੇ ਦੋਸ਼ਾਂ ਤੋਂ ਇਨਕਾਰੀ ਨਹੀਂ ਹੈ।

ਮੈਂ ਸੁਖਦੇਵ ਸਿੰਘ, ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ, ਐਸ.ਏ.ਐਸ.ਨਗਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਸ਼੍ਰੀਮਤੀ ਹਰਪ੍ਰੀਤ ਕੌਰ, ਲੈਕਚਰਾਰ ਕੈਮਿਸਟਰੀ, ਸਮਾਸਸਸ 3ਬੀ1, ਜ਼ਿਲਾ ਐਸ.ਏ.ਐਸ ਨਗਰ ਦੇ ਮਿਤੀ 25-04-2012 ਤੋਂ ਹੁਣ ਤੱਕ ਅਣਅਧਿਕਾਰਤ ਤੌਰ ਤੇ ਸਰਕਾਰੀ ਡਿਊਟੀ ਤੋਂ ਗੈਰਹਾਜਰ ਰਹਿਣ ਦੇ ਦੋਸ਼ ਕਾਰਨ ਪੰਜਾਬ ਸਿਵਲ ਸੇਵਾਵਾਂ (ਸਜਾ ਅਤੇ ਅਪੀਲ) ਨਿਯਮਾਵਲੀ 1970 ਦੇ ਨਿਯਮ 5 (VIII) ਅਧੀਨ ਇਸ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਖਤਮ ਕਰਦਾ ਹਾਂ।

ਸੁਖਦੇਵ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ 7386-89 ਮਿਤੀ, ਐਸ.ਏ.ਐਸ.ਨਗਰ :- 30/5/17

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਮੰਡਲ ਸਿੱਖਿਆ ਅਫਸਰ, ਨਾਭਾ।
2. ਰਜਿ ਜਿਲਾ ਸਿੱਖਿਆ ਅਫਸਰ (ਸੈ:ਸਿ), ਐਸ.ਏ.ਐਸ ਨਗਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਸੇਵਾਵਾ ਖਤਮ ਕਰਨ ਸਬੰਧੀ ਇੰਦਰਾਜ ਯਕੀਨੀ ਬਣਾਇਆ ਜਾਵੇ ਅਤੇ ਕਾਪੀ ਇਸ ਦਫਤਰ ਨੂੰ ਉਪਲਬੱਧ ਕਰਵਾਈ ਜਾਵੇ। ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।
3. ਪ੍ਰਿੰਸੀਪਲ/ਮੁੱਖਅਧਿਆਪਕ, ਸਮਾਸਸਸ 3ਬੀ1, ਜ਼ਿਲਾ ਐਸ.ਏ.ਐਸ ਨਗਰ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਕਰਮਚਾਰਨ ਦੀ ਸੇਵਾਪੱਤਰੀ ਵਿਚ ਲਾਲ ਸਿਆਹੀ ਨਾਲ ਇੰਦਰਾਜ ਕੀਤਾ ਜਾਵੇ। ਇਹ ਹੁਕਮ ਕਰਮਚਾਰਨ ਦੇ ਮੌਜੂਦਾ ਘਰ ਦੇ ਪੱਤੇ ਤੇ ਵੀ ਰਜਿਸਟਰਡ ਡਾਕ ਰਾਂਹੀ ਭੇਜੇ ਜਾਣ।
4. ਸ਼੍ਰੀਮਤੀ ਹਰਪ੍ਰੀਤ ਕੌਰ, ਲੈਕਚਰਾਰ ਕੈਮਿਸਟਰੀ, ਸਮਾਸਸਸ 3ਬੀ1, ਜ਼ਿਲਾ ਐਸ.ਏ.ਐਸ ਨਗਰ।

ਸੁਪਰਡੰਟ ਕੋਆਰਡੀਨੇਸ਼ਨ ਸੈਲ